# ਬਾਈਬਲ ਅਦੁੱਤੀ ਹੈ
# ਅਤੇ
# ਬਾਈਬਲ ਦਾ ਅਧਿਐਨ ਕਿਵੇਂ ਕਰੀਏ

ਫ੍ਰੈਂਕਲਿਨ ਦੇ ਨੋਟਸ

**ਅਦੁੱਤੀ -** ਇੱਕਮਾਤਰ; ਇਕੱਲਾ; ਵਿੱਕੋਲਿੱਤਰਾ। ਬਾਕੀਆਂ ਸਭਨਾਂ ਨਾਲੋਂ ਵੱਖਰਾ; ਜਿਸ ਦੀ ਬਰਾਬਰੀ ਵਿੱਚ ਕੋਈ ਨਾ ਹੋਵੇ।

## I. ਨਿਰੰਤਰਤਾ ਵਿੱਚ ਅਦੁੱਤੀ

A. **1,500 ਵਰ੍ਹੇ ਦੇ ਵਕਫੇ** ਵਿੱਚ ਲਿਖੀ ਗਈ।

B. ਵੱਖ-ਵੱਖ ਕਿੱਤਿਆਂ ਦੇ 40 ਤੋਂ ਵਧ ਲੇਖਕਾਂ, ਜਿਨ੍ਹਾਂ ਵਿੱਚ ਰਾਜੇ, ਆਮ ਜਨਤਾ, ਫਿਲਾਸਫਰ, ਮਛੁਆਰੇ, ਕਵੀ, ਰਾਜਨੇਤਾ, ਸ਼ਾਸਤਰੀ ਸ਼ਾਮਲ ਸਨ, ਦੁਆਰਾ ਲਿਖੀਆਂ ਗਈਆਂ 66 ਪੁਸਤਕਾਂ।

C. ਤਿੰਨ ਭਾਸ਼ਾਵਾਂ ਵਿੱਚ ਲਿਖੀ ਗਈ: ਇਬਰਾਨੀ, ਅਰਾਮੀ ਅਤੇ ਯੂਨਾਨੀ।

D. ਵਿਸ਼ਾ ਵਸਤੂ ਵਿੱਚ ਉਤਪਤ ਤੋਂ ਲੈ ਕੇ ਪਰਕਾਸ਼ ਦੀ ਪੋਥੀ ਤੱਕ ਸੈਂਕੜੇ ਵਿਵਾਦਗ੍ਰਸਤ ਵਿਸ਼ੇ **ਇੱਕਸਾਰਤਾ ਅਤੇ ਨਿਰੰਤਰਤਾ** ਦੇ ਨਾਲ ਸ਼ਾਮਲ ਹਨ। ਇੱਕ ਕਹਾਣੀ ਉਜਾਗਰ ਹੁੰਦੀ ਜਾਂਦੀ ਹੈ: ਪਰਮੇਸ਼ਰ ਦੁਆਰਾ ਮਨੁੱਖ ਦਾ ਨਿਸਤਾਰਾ।

E. 2 ਪਤਰਸ 1:21 ਇਹ ਇਕ **ਏਕਤਾ** ਜਾਂ **ਅਖੰਡਤਾ** ਦੀ ਪੁਸਤਕ ਹੈ। ਵੱਖ-ਵੱਖ ਪਿਛੋਕੜਾਂ ਦੇ 40 ਤੋਂ ਵਧ ਲੇਖਕਾਂ ਦੁਆਰਾ ਲਗਭਗ 1500 ਵਰ੍ਹਿਆਂ ਦੇ ਵਕਫੇ ਦੇ ਦੌਰਾਨ ਵੱਖ-ਵੱਖ ਵਿਸ਼ਿਆਂ ’ਤੇ **ਸੰਪੂਰਨ ਏਕਤਾ** ਵਿੱਚ ਲਿਖਣਾ ਗਣਿਤ ਦੇ ਅਧਾਰ ’ਤੇ ਅਸੰਭਵ ਹੈ। ਸੋ ਅਸੀਂ ਬਾਈਬਲ ਦੀ ਪ੍ਰਮਾਣਿਕਤਾ ਨੂੰ ਕਿਵੇਂ ਸਾਬਤ ਕਰੀਏ? ਇੱਕਮਾਤਰ ਤਸੱਲੀਬਖਸ਼ ਵੇਰਵਾ ਇਹ ਹੈ: “ਕਿਉਂਕਿ ਕੋਈ ਅਗੰਮ ਵਾਕ ਮਨੁੱਖ ਦੀ ਇੱਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਾਸਣ ਨਾਲ ਪਰਮੇਸ਼ਰ ਦੀ ਵੱਲੋਂ ਬੋਲਦੇ ਸਨ।”

## II. ਪ੍ਰਸਾਰ ਵਿੱਚ ਅਦੁੱਤੀ

ਬਾਈਬਲ ਨੂੰ ਹੋਰ ਕਿਸੇ ਵੀ ਪੁਸਤਕ ਤੋਂ ਵਧ ਪੜ੍ਹਿਆ ਗਿਆ ਅਤੇ ਵਧ ਭਾਸ਼ਾਵਾਂ ਵਿੱਚ ਛਾਪਿਆ ਗਿਆ ਹੈ। ਇਤਹਾਸ ਦੀ ਕਿਸੇ ਵੀ ਹੋਰ ਪੁਸਤਕ ਨਾਲੋਂ ਵਧ ਇਸ ਦੇ ਸੰਪੂਰਨ ਰੂਪ ਨੂੰ, ਪੁਸਤਕਾਂ ਨੂੰ ਅਤੇ ਹਿੱਸਿਆਂ ਨੂੰ ਛਾਪਿਆ ਗਿਆ ਹੈ।

## III. ਅਨੁਵਾਦ ਵਿੱਚ ਅਦੁੱਤੀ

ਬਾਈਬਲ ਹੋਂਦ ਵਿੱਚ ਆਈ ਕਿਸੇ ਵੀ ਪੁਸਤਕ ਨਾਲੋਂ ਵਧ ਅਨੁਵਾਦ, ਪੁਨਰ ਅਨੁਵਾਦ ਅਤੇ ਸੌਖੇ ਸ਼ਬਦਾਂ ਵਿੱਚ ਅਨੁਵਾਦ ਕੀਤੀ ਗਈ ਹੈ।

## IV. ਬਚੇ ਰਹਿਣ ਵਿੱਚ ਅਦੁੱਤੀ

A. **ਸਮੇਂ** ਦੇ ਵਿੱਚੋਂ – ਹੋਰਨਾਂ ਪੁਰਾਤਨ ਲਿਖਤਾਂ ਦੀ ਤੁਲਨਾ ਵਿੱਚ ਹੋਰ ਕਿਸੇ ਵੀ ਪੁਰਾਤਨ ਸਾਹਿਤ ਦੇ ਨਾਲੋਂ ਬਾਈਬਲ ਦੀਆਂ **ਹਸਤਲਿਖਤਾਂ ਦੇ ਪ੍ਰਮਾਣ** ਕਿਤੇ ਵਧ ਹਨ।

B. **ਸਤਾਓ** ਦੇ ਵਿੱਚੋਂ – ਹੋਰ ਕਿਸੇ ਵੀ ਪੁਸਤਕ ਦੀ ਤੁਲਨਾ ਵਿੱਚ ਬਾਈਬਲ ਨੇ ਆਪਣੇ ਵੈਰੀਆਂ ਤੋਂ ਸਭ ਤੋਂ ਭਿਅੰਕਰ ਹਮਲੇ ਸਹਿਣ ਕੀਤੇ ਹਨ। ਰੋਮੀ ਪਾਤਸ਼ਾਹਾਂ ਤੋਂ ਲੈ ਕੇ ਮੌਜੂਦਾ ਕਮਿਊਨਿਸਟ ਦੇਸਾਂ ਤੱਕ ਕਈਆਂ ਨੇ ਇਸ ਨੂੰ ਅੱਗ ਲਗਾਉਣ, ਇਸ ਉੱਤੇ ਪ੍ਰਤੀਬੰਧ ਲਗਾਉਣ ਅਤੇ ਇਸ ਨੂੰ ਗੈਰਕਨੂੰਨੀ ਐਲਾਣ ਕਰਨ ਦੇ ਜਤਨ ਕੀਤੇ ਹਨ।

C. **ਆਲੋਚਨਾ** ਦੇ ਵਿੱਚੋਂ – ਹੋਰ ਕਿਸੇ ਵੀ ਪੁਤਸਕ ਦੀ ਐਨੀ ਵਧੇਰੇ ਕੱਟ-ਵੱਢ, ਛੰਟਾਈ, ਛਾਣਬੀਣ ਅਤੇ ਨਿੰਦਿਆ ਨਹੀਂ ਹੋਈ ਹੈ।

## V. ਸਿੱਖਿਆਵਾਂ ਵਿੱਚ ਅਦੁੱਤੀ

A. ਨਬੂਵਤ – ਇਸਲਾਮ ਵਿੱਚ ਮੁਹੱਮਦ ਦੇ ਜਨਮ ਤੋਂ ਸੈਂਕੜੇ ਵਰ੍ਹੇ ਪਹਿਲਾਂ ਉਸ ਦੇ ਆਉਣ ਦੀ ਕੋਈ ਨਬੂਵਤ ਨਹੀਂ ਹੈ। ਨਾ ਹੀ ਕਿਸੇ ਹੋਰ ਧਰਮ ਦੇ ਸੰਸਥਾਪਕ ਪੁਰਾਤਨ ਲਿਖਤਾਂ ਵੱਲ ਇਸ਼ਾਰਾ ਕਰ ਸਕਦੇ ਹਨ ਜਿਹੜੀਆਂ ਉਨ੍ਹਾਂ ਦੇ ਆਉਣ ਦੀ ਨਬੂਵਤ ਕਰਦੀਆਂ ਹਨ।

(ਇਹ ਨੋਟਸ ਵੀ ਵੇਖੋ: ਨਬੂਵਤ ਅਤੇ ਸੰਭਾਵਨਾ)

B. ਇਸਤਾਹਸ – ਪੁਰਾਤਨ ਸਾਹਿਤ ਵਿੱਚ ਇਹ ਇਕੱਲੀ ਖੜੀ ਹੈ, ਹੋਰ ਕੋਈ ਲਿਖਤ ਇਸ ਦੇ ਨੇੜੇ-ਤੇੜੇ ਵੀ ਨਹੀਂ ਹੈ।

C. ਸ਼ਖਸੀਅਤਾਂ – ਬਾਈਬਲ ਆਪਣੇ ਕਿਰਦਾਰਾਂ ਦੇ ਪਾਪਾਂ ਨੂੰ ਖੁਲ੍ਹੇ ਤੌਰ ’ਤੇ ਬਿਆਨ ਕਰਦੀ ਹੈ। ਬਾਕੀ ਧਾਰਮਿਕ ਜੀਵਨ ਸਾਖੀਆਂ ਉਨ੍ਹਾਂ ਦੇ ਸੰਤਾਂ ਦੀਆਂ ਖਾਮੀਆਂ ਅਤੇ ਗਲਤੀਆਂ ਨੂੰ ਲੁਕਾਉਣ ਦਾ, ਨਜ਼ਰਅੰਦਾਜ਼ ਕਰਨ ਦਾ ਜਾਂ ਅਣਦੇਖਾ ਕਰਨ ਦਾ ਜਤਨ ਕਰਦੀਆਂ ਹਨ।

D. ਜੇਕਰ ਮਨੁੱਖ ਚਾਹੁੰਦਾ, ਤਾਂ ਵੀ ਉਹ ਬਾਈਬਲ ਆਪ ਨਹੀਂ ਲਿਖ ਸਕਦਾ ਸੀ, ਪਰ ਜੇਕਰ ਉਹ ਲਿਖ ਵੀ ਦਿੰਦਾ ਤਾਂ ਉਹ ਆਪਣਿਆਂ ਸੰਤਾਂ ਦੀਆਂ ਗਲਤੀਆਂ ਅਤੇ ਬੁਰਿਆਈਆਂ ਨੂੰ ਉਜਾਗਰ ਨਾ ਕਰਦਾ।

## VI. ਸਿੱਟਾ

ਬਾਈਬਲ ਨਿਸ਼ਚਿਤ ਤੌਰ ’ਤੇ ਅਦੁੱਤੀ ਹੈ। ਕਿਸੇ ਵੀ ਹੋਰ ਸਾਹਿਤ ਵਿੱਚ ਇਸ ਦੇ ਮੁਕਾਬਲੇ ਦੀ ਹੋਰ ਕੋਈ ਪੁਸਤਕ ਨਹੀਂ ਹੈ। ਸੱਚਾਈ ਦੀ ਤਲਾਸ਼ ਕਰਨ ਵਾਲਾ ਹਰੇਕ ਵਿਅਕਤੀ ਉਪਰੋਕਤ ਗੁਣਾਂ ਦੀ ਭਾਲ ਕਰੇਗਾ।

ਬਾਈਬਲ ਹੋਰਨਾਂ ਪੁਸਤਕਾਂ ਤੋਂ ਉਵੇਂ ਹੀ ਉੱਚੀ ਹੈ ਜਿਵੇਂ ਆਕਾਸ਼ ਧਰਤੀ ਤੋਂ ਉੱਚਾ ਹੈ। ਕਿਸੇ ਨੇ ਬਾਈਬਲ ਬਾਰੇ ਆਖਿਆ ਹੈ: “ਬੁੱਧੀਮਾਨ ਹੋਣ ਲਈ ਇਸ ਨੂੰ ਪੜ੍ਹੋ, ਸੁਰੱਖਿਅਤ ਰਹਿਣ ਲਈ ਇਸ ਉੱਤੇ ਵਿਸ਼ਵਾਸ ਕਰੋ, ਅਤੇ ਸਹੀ ਵਿਅਕਤੀ ਬਣਨ ਲਈ ਇਸ ਦੀ ਪਾਲਣਾ ਕਰੋ।”

## VII. ਬਾਈਬਲ ਪਰਮੇਸ਼ਰ ਦੀ ਪ੍ਰੇਰਣਾ ਨਾਲ ਲਿਖਿਆ ਗਿਆ ਵਚਨ ਹੈ। 2 ਤਿਮੋਥਿਉਸ 3:16-17

ਇਸੇ ਤੱਥ ਉੱਤੇ ਇਵੈਂਜੇਲਿਕਲ ਮਸੀਹਤ ਖੜ੍ਹੀ ਹੈ। “ਪ੍ਰੇਰਣਾ” ਤੋਂ ਸਾਡਾ ਭਾਵ ਇਹ ਹੈ ਕਿ ਬਾਈਬਲ ਦੇ ਲੇਖਕਾਂ ਉੱਤੇ ਪਵਿੱਤਰ ਆਤਮਾ ਨੇ ਆਪਣਾ ਪ੍ਰਭਾਵ ਪਾਇਆ ਸੀ।

ਲਿਖਤਾਂ ਪ੍ਰੇਰਿਤ ਸਨ – ਜ਼ਰੂਰੀ ਨਹੀਂ ਹੈ ਕਿ ਲੇਖਕ ਪ੍ਰੇਰਿਤ ਸਨ, ਕਿਉਂਕਿ ਬਾਈਬਲ ਕਿਤੇ ਵੀ ਨਹੀਂ ਆਖਦੀ ਕਿ ਇਹ ਪ੍ਰੇਰਿਤ ਮਨੁੱਖਾਂ ਦੁਆਰਾ ਲਿਖੀ ਗਈ ਹੈ।

**ਜ਼ਬੂਰ 119:160** **ਯੂਹੰਨਾ 17:17**

A. **2 ਪਤਰਸ 1:21** ਬਾਈਬਲ ਦਾ ਲੇਖਕ ਪਵਿੱਤਰ ਆਤਮਾ ਹੈ। ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ ਕਿ ਉਹ ਕਈ ਗੱਲਾਂ ਲੁਕੀਆਂ ਛੱਡ ਕੇ ਜਾਵੇਗਾ, ਅਤੇ ਪਵਿੱਤਰ ਆਤਮਾ ਆਵੇਗਾ ਅਤੇ ਕੁਝ ਖਾਸ ਲੋਕਾਂ ਨੂੰ ਚੁਣੇਗਾ ਕਿ ਉਨ੍ਹਾਂ ਦੇ ਦੁਆਰਾ ਆਪਣੀ ਸਿੱਧ ਇੱਛਾ ਨੂੰ ਮਨੁੱਖਾਂ ਉੱਤੇ ਉਜਾਗਰ ਕਰੇ; ਅਤੇ ਪਵਿੱਤਰ ਆਤਮਾ ਵਿਸ਼ਵਾਸੀਆਂ ਨੂੰ ਸਿਖਾਏਗਾ। **ਯੂਹੰਨਾ 16:12-15**

B. ਮਨੁੱਖ ਉਹ ਸਾਧਨ ਹੈ ਜਿਸ ਨੂੰ ਇਸਤੇਮਾਲ ਕਰਕੇ ਪਵਿੱਤਰ ਆਤਮਾ ਨੇ ਬਾਈਬਲ ਲਿਖੀ ਹੈ।
**ਰੋਮੀਆਂ 15:4** **1 ਕੁਰਿੰਥੀਆਂ 10:11**

C. ਨਤੀਜਾ ਇਹ ਹੈ: ਪਰਮੇਸ਼ਰ ਦਾ ਅਚੂਕ ਵਚਨ। ਇਸੇ ਕਰਕੇ ਬਾਈਬਲ ਕਿਸੇ ਵੀ ਤਰ੍ਹਾਂ ਦੀ ਗਲਤੀ ਤੋਂ ਮੁਕਤ ਹੈ ਅਤੇ ਪੂਰੀ ਤਰ੍ਹਾਂ ਭਰੋਸੇਯੋਗ ਹੈ।
**ਜ਼ਬੂਰ 12:6; 119:89; ਯਸਾਯਾਹ 40:8; ਮੱਤੀ 5:18; 24:35 I ਪਤਰਸ 1:23-25**

## VIII. ਬਾਈਬਲ ਇੱਕ ਔਖੀ ਪੁਸਤਕ ਹੈ। 1 ਕੁਰਿੰਥੀਆਂ 2:14-16

ਕਿਉਂਕਿ ਇਹ ਅਸੀਮਿਤ ਵਿੱਚੋਂ ਸੀਮਿਤ ਵਿੱਚ ਆਈ ਹੈ। ਬੇਅੰਤ ਅਤੇ ਸਰਬਸ਼ਕਤੀਮਾਨ ਪਰਮੇਸ਼ਰ ਕੋਲੋਂ ਪਰਿਮਿਤ ਮਨੁੱਖ ਕੋਲ ਆਈ ਹੈ। ਇਸ ਕਰਕੇ ਤੁਸੀਂ ਬਾਈਬਲ ਨੂੰ ਉਵੇਂ ਨਹੀਂ ਸਮਝ ਸਕਦੇ ਜਿਵੇਂ ਤੁਸੀਂ ਕਿਸੇ ਵੱਡੇ ਗਿਆਨੀ ਦੀ ਪੁਸਤਕ ਨੂੰ ਸਮਝ ਸਕਦੇ ਹੋ। ਵੱਡੇ-ਵੱਡੇ ਫਿਲਾਸਫਰਾਂ ਦਾ ਅਧਿਐਨ ਤੁਸੀਂ ਆਪਣੇ ਸੁਭਾਵਕ ਮਨ ਨਾਲ ਕਰ ਸਕਦੇ ਹੋ, ਅਤੇ ਉਨ੍ਹਾਂ ਨੂੰ ਇਮਾਨਦਾਰੀ ਨਾਲ ਲਾਗੂ ਕਰਕੇ ਉਨ੍ਹਾਂ ਦੇ ਡੂੰਘੇ ਅਰਥਾਂ ਨੂੰ ਸਮਝ ਸਕਦੇ ਹੋ। ਜੇਕਰ ਬਾਈਬਲ ਨੂੰ ਸੁਭਾਵਕ ਮਨ ਨਾਲ ਸਿੱਖਿਆ ਜਾ ਸਕਦਾ ਤਾਂ ਇਹ ਇੱਕ ਸੁਭਾਵਕ ਪੁਸਤਕ ਹੁੰਦੀ, ਅਤੇ ਪਰਮੇਸ਼ਰ ਦਾ ਵਚਨ ਨਾ ਹੁੰਦੀ। ਕਿਉਂ ਜੋ ਬਾਈਬਲ ਪਰਮੇਸ਼ਰ ਵੱਲੋਂ ਹੈ, ਅਤੇ ਇਸ ਕਰਕੇ ਆਤਮਿਕ ਹੈ, ਇਸ ਲਈ ਇਸ ਦੀ ਸਿੱਖਿਆ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਤੁਹਾਨੂੰ ਨਵੇਂ ਸਿਰਿਓਂ ਜਨਮ ਲੈਣਾ ਲਾਜ਼ਮੀ ਹੈ (ਯੂਹੰਨਾ 3:6)। ਬਾਈਬਲ ਨੂੰ ਹਮੇਸ਼ਾ ਇਸ ਪ੍ਰਾਰਥਨਾ ਦੇ ਨਾਲ ਪੜ੍ਹੋ ਕਿ ਪਵਿੱਤਰ ਆਤਮਾ ਤੁਹਾਨੂੰ ਸਿਖਾਵੇ ਅਤੇ ਉਸ ਦੇ ਪਵਿੱਤਰ ਵਚਨ ਦੀ ਬਿਹਤਰ ਸਮਝ ਵਿੱਚ ਤੁਹਾਡੀ ਅਗਵਾਈ ਕਰੇ, ਵਰਨਾ ਤੁਹਾਡੇ ਲਈ ਇਹ ਇੱਕ ਔਖੀ ਅਤੇ ਬੰਦ ਪੁਸਤਕ ਬਣੀ ਰਹੇਗੀ (ਯੂਹੰਨਾ 16:12-15)।

ਅਸੀਂ ਬਾਈਬਲ ਦੇ ਸੱਚੇ ਅਰਥ ਨੂੰ ਕਿਵੇਂ ਜਾਣ ਸਕਦੇ ਹਾਂ?

1. ਪਰਮੇਸ਼ਰ ਦੀ ਸੰਤਾਨ ਬਣੋ: ਯੂਹੰਨਾ 3:3,5
2. ਪਵਿੱਤਰ ਆਤਮਾ ਨਾਲ ਭਰ ਜਾਓ:
   ਅਫ਼ਸੀਆਂ 5:18 ਯੂਹੰਨਾ 14:26; 15:26; 16:13
3. ਸਿੱਖਣ ਦਾ ਸੁਭਾਓ ਬਣਾਈ ਰੱਖੋ: ਅਫ਼ਸੀਆਂ 4:11-16
4. ਸੁਭਾਵਕ ਨਹੀਂ, ਪਰ ਆਤਮਕ ਮਨੁੱਖ ਬਣੋ: 1 ਕੁਰਿੰਥੀਆਂ 2:14-16
5. ਮਿਹਨਤੀ ਬਣੋ: 2 ਤਿਮੋਥਿਉਸ 2:15

## IX. ਬਾਈਬਲ ਵਿੱਚ ਵਿਸ਼ੇਸ਼ ਸ਼ਕਤੀ ਹੈ

A. ਬਾਈਬਲ ਵਿੱਚ ਤਲਵਾਰ ਵਾਂਗ **ਵੱਢਣ ਦੀ ਸ਼ਕਤੀ** ਹੈ। ਇਹ ਮਨੁੱਖ ਨੂੰ ਪਾਪ ਤੋਂ ਵੱਖਰਾ ਕਰ ਦਿੰਦੀ ਹੈ ਜਾਂ ਫਿਰ ਪਾਪ ਮਨੁੱਖ ਨੂੰ ਬਾਈਬਲ ਤੋਂ ਵੱਖਰਾ ਕਰ ਦੇਵੇਗਾ। ਜ਼ਬੂਰ 119:9-11; ਯਸਾਯਾਹ 59:2 ਇਬਰਾਨੀਆਂ 4:12 ਅਫ਼ਸੀਆਂ 6:17

B. ਬਾਈਬਲ ਵਿੱਚ ਦਰਪਣ ਵਾਂਗ **ਪ੍ਰਤਿਬਿੰਬ ਦਿਖਾਉਣ ਦੀ ਸ਼ਕਤੀ** ਹੈ। ਬਾਈਬਲ ਵਿੱਚ, ਅਸੀਂ ਆਪਣੇ ਆਪ ਨੂੰ ਉਵੇਂ ਵੇਖਦੇ ਹਾਂ ਜਿਵੇਂ ਪਰਮੇਸ਼ਰ ਸਾਨੂੰ ਵੇਖਦਾ ਹੈ:
"ਨਵੇਂ ਸਿਰਿਓਂ ਜਨਮ" ਲੈਣ ਤੋਂ ਪਹਿਲਾਂ – ਪਾਪੀਆਂ ਵਾਂਗ: ਰੋਮੀਆਂ 3:23; 7:7+; ਗਲਾਤੀਆਂ 3:22
"ਨਵੇਂ ਸਿਰਿਓਂ ਜਨਮ" ਲੈਣ ਤੋਂ ਬਾਅਦ – ਧਰਮੀਆਂ ਵਾਂਗ: 2 ਕੁਰਿੰਥੀਆਂ 5:21

C. ਬਾਈਬਲ ਵਿੱਚ ਪਾਣੀ ਵਾਂਗ **ਸ਼ੁੱਧ ਕਰਨ ਦੀ ਸ਼ਕਤੀ** ਹੈ। ਦਾਊਦ ਨੇ ਪ੍ਰਾਰਥਨਾ ਕੀਤੀ ਕਿ ਪਰਮੇਸ਼ਰ ਉਸ ਨੂੰ "ਬਦੀ ਤੋਂ ਧੋਵੇ", ਅਤੇ "ਪਾਪ ਤੋਂ ਸ਼ੁੱਧ ਕਰੇ।"

ਅਫ਼ਸੀਆਂ 5:26 ਜ਼ਬੂਰ 51:2 ਜ਼ਬੂਰ 119:9 1 ਯੂਹੰਨਾ 1:9

D. ਬਾਈਬਲ ਵਿੱਚ ਬੀਜ ਵਾਂਗ **ਪੁਰਨ ਉਤਪਾਦਨ ਦੀ ਸ਼ਕਤੀ** ਹੈ। 1 ਪਤਰਸ 1:23
ਅਸੀਂ ਪਰਮੇਸ਼ਰ ਦੀ ਸੰਤਾਨ ਹਾਂ ਕਿਉਂਕਿ ਅਸੀਂ ਪਰਮੇਸ਼ਰ ਦੇ ਅਬਿਨਾਸੀ ਤੁਖਮ ਤੋਂ ਪਰਮੇਸ਼ਰ ਦੇ ਘਰਾਣੇ ਵਿੱਚ ਜਨਮ ਲਿਆ ਹੈ। ਇਹੋ ਨਵਾਂ ਜਨਮ ਹੈ।
ਯੂਹੰਨਾ 3:1-7 ਲੂਕਾ 8:11-15 (ਉਦਾਹਰਨ, ਸ੍ਰੀ ਲੰਕਾ ਵਿੱਚ ਰਾਜਾ – "ਮੇਰੇ ਕੋਲ ਆਓ")

E. ਬਾਈਬਲ ਵਿੱਚ ਭੋਜਨ ਵਾਂਗ **ਪੋਸ਼ਣ ਦੇਣ ਦੀ ਸ਼ਕਤੀ** ਹੈ। 1 ਪਤਰਸ 2:2 ਬਾਈਬਲ ਆਤਮਾ ਦਾ ਆਤਮਕ ਭੋਜਨ ਹੈ। ਕੋਈ ਵੀ ਮਸੀਹੀ ਪਰਮੇਸ਼ਰ ਦੇ ਵਚਨ ਦਾ ਅਧਿਐਨ ਕੀਤੇ ਬਿਨਾ ਪ੍ਰਭੂ ਵਿੱਚ ਤਕੜਾ ਨਹੀਂ ਰਹਿ ਸਕਦਾ। ਅੱਯੂਬ 23:12; ਰੋਮੀਆਂ 15:4

F. ਬਾਈਬਲ ਵਿੱਚ ਉਨ੍ਹਾਂ ਲੋਕਾਂ ਨੂੰ **ਅਸੀਸ ਅਤੇ ਖੁਸ਼ਹਾਲੀ ਦੇਣ ਦੀ ਸ਼ਕਤੀ** ਹੈ ਜਿਹੜੇ ਇਸ ਦਾ ਅਧਿਐਨ ਅਤੇ ਇਸ ਦੀ ਪਾਲਣਾ ਕਰਦੇ ਹਨ। ਯਹੋਸ਼ੁਆ 1:8 ਜ਼ਬੂਰ 1:1-3; 19:7-11
ਬਿਵਸਥਾ ਸਾਰ 28:1,2,9,12; 30:8-11 ਕਹਾਉਤਾਂ 8:32-36

## X. ਬਾਈਬਲ ਵਿਸ਼ਵਾਸੀਆਂ ਨੂੰ ਹੁਕਮ ਦਿੰਦੀ ਹੈ ਕਿ ਉਹ ਪਵਿੱਤਰ ਸ਼ਾਸਤਰ ਦਾ ਅਧਿਐਨ ਕਰਨ। 2 ਤਿਮੋਥਿਉਸ 2:15

ਰਸੂਲਾਂ 17:11 ਜਦ ਤੁਸੀਂ ਬਾਈਬਲ ਦਾ ਅਧਿਐਨ ਕਰਦੇ ਹੋ, ਤਾਂ ਤੁਸੀਂ ਵੇਖੋਗੇ ਕਿ ਇਹ ਪਰਮੇਸ਼ਰ ਦਾ ਵਚਨ **ਹੈ**। ਤੁਸੀਂ ਇਸ ਗੱਲ ਨੂੰ ਹਮੇਸ਼ਾ ਮਨ ਵਿੱਚ ਰੱਖੋ ਕਿ ਪਰਮੇਸ਼ਰ ਦੇ ਵਚਨ ਵਿੱਚ ਮਨੁੱਖ ਦੇ "ਵਚਨ" ਵੀ ਹਨ।

ਜਦ ਤੁਸੀਂ ਬਾਈਬਲ ਦਾ ਅਧਿਐਨ ਕਰਦੇ ਹੋ ਤਾਂ ਆਪਣੇ ਆਪ ਤੋਂ ਇਹ ਪ੍ਰਸ਼ਨ ਪੁੱਛੋ:

A. ਕੌਣ ਗੱਲ ਕਰ ਰਿਹਾ ਹੈ: ਪਰਮੇਸ਼ਰ, ਸਵਰਗਦੂਤ, ਮਨੁੱਖ ਜਾਂ ਸ਼ਤਾਨ?
B. ਕਿਸ ਦੇ ਨਾਲ ਗੱਲ ਹੋ ਰਹੀ ਹੈ: ਇਸਰਾਏਲ, ਗੈਰਕੌਮਾਂ, ਵਿਸ਼ਵਾਸੀ, ਮਨੁੱਖਾਂ ਜਾਂ ਕਿਸੇ ਇੱਕ ਵਿਅਕਤੀ ਨਾਲ?
C. ਇਸ ਵਚਨ ਨੂੰ ਮੇਰੇ ਜੀਵਨ ਵਿੱਚ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ?

ਜਦ ਤੁਸੀਂ ਬਾਈਬਲ ਦਾ ਅਧਿਐਨ ਕਰਦੇ ਹੋ ਤਾਂ ਤੁਹਾਨੂੰ ਪਰਮੇਸ਼ਰ ਦੇ ਵਚਨ ਨਾਲ ਪਿਆਰ ਹੋ ਜਾਵੇਗਾ:

A. **ਦਾਊਦ**

1. ਜ਼ਬੂਰ 119:9-16 ਮੈਂ ਤੇਰੇ ਬਚਨ ਨੂੰ ਆਪਣੇ ਮਨ ਵਿੱਚ ਜਮਾ ਕਰ ਲਿਆ, ਤਾਂ ਜੋ ਤੇਰਾ ਪਾਪ ਨਾ ਕਰਾਂ।

2. 119:33-40 ਇਸ ਨੂੰ ਆਪਣੀ ਪ੍ਰਾਰਥਨਾ ਬਣਾ ਲਓ।

3. 119:97-104 ਮੈਂ ਤੇਰੀ ਬਿਵਸਥਾ ਨਾਲ ਕਿੰਨੀ ਪ੍ਰੀਤ ਰੱਖਦਾ ਹਾਂ, ਦਿਨ ਭਰ ਮੈਂ ਉਹ ਦੇ ਵਿੱਚ ਲੀਨ ਰਹਿੰਦਾ ਹਾਂ!

4. 119:127 ਏਸ ਲਈ ਮੈਂ ਤੇਰੇ ਹੁਕਮਾਂ ਨਾਲ ਸੋਨੇ, ਸਗੋਂ ਕੁੰਦਨ ਸੋਨੇ ਨਾਲੋਂ ਵੱਧ ਪ੍ਰੀਤ ਰੱਖਦਾ ਹਾਂ!

5. 119:140 ਤੇਰਾ ਬਚਨ ਅੱਤ ਤਾਇਆ ਹੋਇਆ ਹੈ, ਅਤੇ ਤੇਰਾ ਸੇਵਕ ਉਸ ਨਾਲ ਪ੍ਰੀਤ ਲਾਉਂਦਾ ਹੈ।

6. 19:7-11 ਯਹੋਵਾਹ ਦੀ ਬਿਵਸਥਾ ਪੂਰੀ ਪੂਰੀ ਹੈ, ਉਹ ਜਾਨ ਨੂੰ ਬਹਾਲ ਕਰਦੀ ਹੈ

B. **ਅੱਯੂਬ**

1. ਅੱਯੂਬ 23:12 ਉਹ ਦੇ ਬੁੱਲ੍ਹਾਂ ਦੇ ਹੁਕਮ ਤੋਂ ਮੈਂ ਨਾ ਹਟਿਆ, ਉਹ ਦੇ ਮੂੰਹ ਦਿਆਂ ਵਾਕਾਂ ਦੀ ਮੈਂ ਆਪਣੇ ਜਰੂਰੀ ਭੋਜਨ ਨਾਲੋਂ ਵਧੀਕ ਕਦਰ ਕੀਤੀ।

C. **ਯਿਰਮਿਯਾਹ**

1. 15:16 ਤੇਰੀਆਂ ਗੱਲਾਂ ਮੈਨੂੰ ਲੱਭੀਆਂ ਅਤੇ ਮੈਂ ਉਨ੍ਹਾਂ ਨੂੰ ਖਾ ਲਿਆ, ਤੇਰੀਆਂ ਗੱਲਾਂ ਮੇਰੇ ਲਈ ਖੁਸ਼ੀ, ਅਤੇ ਮੇਰੇ ਦਿਲ ਦਾ ਅਨੰਦ ਸਨ।

## XI. ਬਾਈਬਲ ਦਾ ਅਧਿਐਨ ਕਿਵੇਂ ਕਰੀਏ ਅਜ਼ਰਾ 7:10

A. **ਨਿਰੀਖਣ** – ਇਹ ਕੀ ਆਖਦੀ ਹੈ?

ਅਭਿਆਸ ਕਰਨ ਲਈ ਕੁਲੁੱਸੀਆਂ 3 ਦੀ ਵਰਤੋਂ ਕਰੋ।

1. ਪ੍ਰਾਰਥਨਾ ਦੇ ਨਾਲ ਅਰੰਭ ਕਰੋ।
2. ਆਇਤਾਂ ਨੂੰ ਪੜ੍ਹੋ ਅਤੇ ਦੁਬਾਰਾ ਪੜ੍ਹੋ।

   ਉਵੇਂ ਹੀ ਜਿਵੇਂ ਤੁਸੀਂ ਕੋਈ ਪ੍ਰੇਮ ਪੱਤਰ ਪੜ੍ਹਦੇ ਹੋ।
3. ਲੇਖਕ ਦੇ ਉਦੇਸ਼ ਦੀ ਭਾਲ ਕਰੋ। ਜਿਵੇਂ ਕਿ ਯੂਹੰਨਾ 20:30-31
   - a) ਮੁੱਖ ਵਿਸ਼ੇ ਜਿਨ੍ਹਾਂ ਬਾਰੇ ਗੱਲ ਕੀਤੀ ਗਈ ਹੈ
   - b) ਸਮੱਸਿਆਵਾਂ ਜਿਨ੍ਹਾਂ ਨਾਲ ਨਜਿੱਠਿਆ ਗਿਆ ਹੈ
   - c) ਉਪਦੇਸ਼ ਜਿਹੜੇ ਦਿੱਤੇ ਗਏ ਹਨ

d) ਮੁੱਖ ਸ਼ਬਦਾਂ ਅਤੇ ਵਾਕ ਅੰਸ਼ਾਂ ਨੂੰ ਦੁਹਰਾਇਆ ਗਿਆ ਹੈ

e) ਪ੍ਰਸ਼ਨ ਜਿਹੜੇ ਪੁੱਛੇ ਗਏ ਹਨ

f) ਤੁਲਨਾ ਜਾਂ ਭਿੰਨਤਾ

g) ਕਾਰਨ, ਪ੍ਰਭਾਵ

h) ਆਗਿਆਕਾਰੀ ਦੇ ਨਤੀਜੇ

4. ਹਮੇਸ਼ਾ ਪ੍ਰਸ਼ਨ ਪੁੱਛੋ

a) ਕੌਣ: ਕਿਸ ਨੇ ਲਿਖਿਆ? ਕਿਸੇ ਨੇ, ਕਿਸ ਨਾਲ, ਕਿਸ ਬਾਰੇ ਗੱਲ ਕੀਤੀ?

b) ਕੀ: ਮੁੱਖ ਘਟਨਾਵਾਂ ਕੀ ਹਨ? ਮੁੱਖ ਸਿੱਖਿਆਵਾਂ? ਉਦੇਸ਼ ਕੀ ਹੈ? ਉਹ ਕਿਸ ਬਾਰੇ ਗੱਲ ਕਰ ਰਿਹਾ ਹੈ?

c) ਕਦੋਂ: ਇਹ ਕਦੋਂ ਹੋਇਆ? ਇਹ ਕਦੋਂ ਹੋਵੇਗਾ?

d) ਕਿੱਥੇ: ਇਹ ਕਿੱਥੇ ਹੋਇਆ? ਇਹ ਕਿੱਥੇ ਹੋਵੇਗਾ?

e) ਕਿਉਂ: ਇਹ ਕਿਉਂ ਲਿਖਿਆ ਗਿਆ? ਇਹ ਕਿਉਂ ਹੋਇਆ?

f) ਕਿਵੇਂ: ਇਹ ਕਿਵੇਂ ਹੋਇਆ? ਉਸ ਨੇ ਇਹ ਕਿਵੇਂ ਕੀਤਾ?

5. ਭਾਲੋ ਅਤੇ ਲਿਖੋ, ਪਰਮੇਸ਼ਰ:

| | |
|---|---|
| a) ਦੇ ਗੁਣ | ਮੈਂ ਪਰਮੇਸ਼ਰ ਬਾਰੇ ਕੀ ਸਿੱਖ ਸਕਦਾ ਹਾਂ |
| b) ਦੀਆਂ ਸਿੱਖਿਆਵਾਂ | ਸਿੱਖਿਆ ਕੀ ਹੈ? |
| c) ਦੀਆਂ ਪ੍ਰਤਿੱਗਿਆਵਾਂ | |
| d) ਦੇ ਹੁਕਮ | |
| e) ਦੀਆਂ ਚਿਤਾਉਣੀਆਂ | |
| f) ਦੇ ਸਿਧਾਂਤ | (ਉਦਾਹਰਨ) ਬੀਜਣਾ ਅਤੇ ਵਾਢੀ ਕਰਨਾ |

6. ਆਪਣੀ ਬਾਈਬਲ ਵਿੱਚ ਨਿਸ਼ਾਨ ਲਗਾਉਣਾ – ਕਿਹੜੇ ਰੰਗਾਂ ਦੀ ਵਰਤੋਂ ਕਰੀਏ

| | |
|---|---|
| a) ਸੁਨਿਹਰੀ | ਪਰਮੇਸ਼ਰ ਦੀਆਂ ਪ੍ਰਤਿੱਗਿਆਵਾਂ |
| b) ਹਰਾ | ਪਵਿੱਤਰ ਆਤਮਾ |
| c) ਜਾਮਨੀ | ਪਰਮੇਸ਼ਰ ਦਾ ਰਾਜ |
| d) ਪੀਲਾ | ਮਹੱਤਵਪੂਰਨ ਆਇਤ ਜਾਂ ਸ਼ਬਦ |
| e) ਨੀਲਾ | ਮਸੀਹ ਦੀ ਈਸ਼ੁਰਤਾਈ |
| f) ਲਾਲ | ਲਹੂ |

g) ਪੈਂਸਿਲ ਖਾਲੀ ਥਾਂ ’ਤੇ ਲਿਖਣ ਲਈ, ਮੁੱਖ ਸ਼ਬਦਾਂ ’ਤੇ ਘੇਰਾ ਬਣਾਉਣ ਲਈ, ਰਲਦੀਆਂ ਮਿਲਦੀਆਂ ਆਇਤਾਂ ਲਈ

7. ਹਰੇਕ ਅਧਿਆਏ ਦਾ ਸਰਬਉੱਤਮ ਵਿਸ਼ਾ ਜਾਂ ਸਿਰਲੇਖ ਨਿਰਧਾਰਿਤ ਕਰੋ। ਇੱਕ ਮੁੱਖ ਆਇਤ ਦੀ ਚੋਣ ਕਰੋ।

8. ਪੂਰੀ ਪੁਸਤਕ ਦਾ ਸਰਬਉੱਤਮ ਵਿਸ਼ਾ ਜਾਂ ਸਿਰਲੇਖ ਨਿਰਧਾਰਿਤ ਕਰੋ।

B. **ਵਿਆਖਿਆ** – ਇਸ ਦਾ ਅਰਥ ਕੀ ਹੈ?

1. ਮੁੱਖ ਵਿਚਾਰ:
   - a) ਲਿਖਤਾਂ ਕਦੇ ਲਿਖਤਾਂ ਦਾ ਵਿਰੋਧ ਨਹੀਂ ਕਰਨਗੀਆਂ। ਵਚਨ ਨੂੰ ਆਪਣੀ ਵਿਆਖਿਆ ਆਪ ਕਰਨ ਦਓ। ਕਿਸੇ ਵੀ ਆਇਤ ਨੂੰ ਉਸ ਦੇ ਸੰਦਰਭ ਤੋਂ ਬਾਹਰ ਨਾ ਲਓ।
   - b) ਹਮੇਸ਼ਾ ਵਚਨ ਦੀ ਵਿਆਖਿਆ ਸ਼ਾਬਦਿਕ ਕਰੋ। ਇਸ ਦੇ ਅਰਥ ਨੂੰ ਬਦਲੋ ਨਾ।
   - c) ਕੀ ਕੋਈ ਸੱਭਿਆਚਾਰਕ, ਸਮਾਜਕ, ਜਾਂ ਧਾਰਮਕ ਰੀਤੀ ਹੈ ਜਿਸ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ?

2. ਵਿਧੀ
   - a) ਪ੍ਰਸ਼ਨ ਪੁੱਛੋ। ਕਿਉਂ? ਇਸ ਦਾ ਅਰਥ ਕੀ ਹੈ?
   - b) ਲੋੜੀਂਦਾ ਸ਼ਬਦ ਅਧਿਐਨ ਕਰੋ।
   - c) ਨਿਰਧਾਰਿਤ ਕਰੋ ਕਿ ਅਸਲ ਪਾਠਕਾਂ ਦੇ ਲਈ ਇਸ ਦੇ ਕੀ ਮਾਇਨੇ ਰਹੇ ਹੋਣਗੇ – ਇਹ ਇਤਹਾਸਕ ਸੰਦਰਭ ਹੈ।
   - d) ਹੋਰਨਾਂ ਆਇਤਾਂ ਦੀ ਜਾਂਚ ਕਰੋ ਜਿਹੜੀਆਂ ਇਸ ਦਾ ਸਮਰਥਨ ਕਰਦੀਆਂ, ਇਸ ਉੱਤੇ ਰੋਸ਼ਨੀ ਪਾਉਂਦੀਆਂ ਜਾਂ ਸਮਝ ਨੂੰ ਵਧਾਉਂਦੀਆਂ ਹਨ।
   - e) ਜੇਕਰ ਉਪਲਬਧ ਹਨ ਤਾਂ ਹੋਰ ਅਨੁਵਾਦ ਪੜ੍ਹੋ।
   - f) ਜੇਕਰ ਉਪਲਬਧ ਹੈ ਤਾਂ ਬਾਈਬਲ ਕਮੈਂਟ੍ਰੀ ਪੜ੍ਹੋ।
   - g) ਆਪਣੇ ਸਿੱਟੇ ਦਾ ਸਾਰ ਲਿਖੋ।

C. **ਪ੍ਰਾਸੰਗਿਕਤਾ** – ਇਹ ਸੱਚਾਈ ਮੇਰੇ ਲਈ ਅੱਜ ਕਿਵੇਂ ਲਾਗੂ ਹੁੰਦੀ ਹੈ।

ਯਾਕੂਬ 1:22

1. 2 ਤਿਮੋਥਿਉਸ 3:16-17
   a) ਸਿੱਖਿਆ – ਚੇਲਾ, ਸਿੱਖਣ ਵਾਲਾ ਬਣੋ।

   b) ਤਾੜਨਾ – ਮੇਰੀ ਸੋਚ ਅਤੇ ਵਿਹਾਰ ਵਿੱਚ ਜੋ ਕੁਝ ਗਲਤ ਹੈ ਉਸ ਨੂੰ ਉਜਾਗਰ ਜਾਂ ਸਪਸ਼ਟ ਕਰਦਾ ਹੈ।

   e) ਸੁਧਾਰ – ਜੋ ਗਲਤ ਹੈ ਉਸ ਦਾ ਇਕਰਾਰ ਕਰੋ ਅਤੇ ਉਸ ਤੋਂ ਮੁੜ ਜਾਓ। ਮੱਤੀ 5:23-24; 18:15

   d) ਧਰਮ ਦੇ ਗਿਝਾਉਣ ਲਈ – ਜੀਉਣਾ ਕਿਵੇਂ ਹੈ।

   1 ਕੁਰਿੰਥੀਆਂ 10:11 ਰੋਮੀਆਂ 15:4

2. ਕੀ ਕੋਈ:
   a) ਪਾਪ ਜਾਂ ਗਲਤੀ ਹੈ ਜਿਸ ਤੋਂ ਬਚਣਾ ਹੈ
   b) ਹੁਕਮ ਹੈ ਜਿਸ ਦੀ ਆਗਿਆਕਾਰੀ ਕਰਨੀ ਹੈ
   c) ਮੇਰੇ ਲਈ ਪ੍ਰਤਿੱਗਿਆ ਹੈ
   d) ਉਦਾਹਰਨ ਹੈ ਜਿਸ ਤੋਂ ਸਿੱਖਿਆ ਜਾ ਸਕਦਾ ਹੈ

3. ਹਰ ਸਾਲ ਆਪਣੀ ਬਾਈਬਲ ਪੂਰੀ ਪੜ੍ਹੋ
   a) ਰੋਜਾਨਾ ਤਿੰਨ (3) ਅਧਿਆਏ ਪੜ੍ਹੋ
   b) ਐਤਵਾਰ ਨੂੰ ਪੰਜ (5) ਅਧਿਆਏ ਪੜ੍ਹੋ

## XII. ਬਾਈਬਲ ਦੇ ਅਨੁਸਾਰ ਧਿਆਨ ਕਰਨਾ ਯਹੋਸ਼ੁਆ 1:8 ਜ਼ਬੂਰ 1

ਬਾਈਬਲ ਅਧਿਐਨ: ਗਿਆਨ ਲਈ। ਪਹਿਲਾ ਟੀਚਾ ਹੈ ਬੰਦ ਨੂੰ ਸਮਝਣਾ, ਇਸ ਦਾ ਵਿਸ਼ਲੇਸ਼ਣ ਕਰਨਾ। ਹੋਰਨਾਂ ਬੰਦਾਂ ਦੇ ਨਾਲ ਤੁਲਨਾ ਕਰੋ, ਲਿਖਤਾਂ ਦੀ ਲਿਖਤਾਂ ਦੇ ਨਾਲ। ਕਮੈਂਟ੍ਰੀਆਂ ਅਤੇ ਹੋਰ ਸੰਸਾਧਨਾਂ ਦੀ ਵਰਤੋਂ ਕਰੋ।

ਬਾਈਬਲ ਦੇ ਅਨੁਸਾਰ ਧਿਆਨ ਕਰਨਾ: ਇੱਕ ਬਾਲਕ ਦੀ ਤਰ੍ਹਾਂ ਵਚਨ ਦੇ ਕੋਲ ਆਓ ਅਤੇ ਪ੍ਰਭੂ ਨੂੰ ਕਹੋ ਕਿ ਤੁਹਾਡੀ ਆਤਮਾ ਦਾ ਪੋਸ਼ਣ ਕਰੇ, ਅਤੇ ਤੁਹਾਡੇ ਰਾਹ ਵਿੱਚ ਅਗਵਾਈ ਕਰੇ। ਇਸ ਨੂੰ ਪੜ੍ਹੋ ਅਤੇ ਪ੍ਰਭੂ ਦੀ ਉਡੀਕ ਕਰੋ ਕਿ ਉਹ ਤੁਹਾਡੇ ਨਾਲ ਗੱਲ ਕਰੇ। ਪੜ੍ਹੇ ਜਾ ਰਹੇ ਬੰਦ ਦੇ ਲਈ ਆਪਣੇ ਪੂਰੇ ਜੀਵਨ ਨੂੰ ਖੋਲ੍ਹ ਦਓ। ਲੋੜ ਦੇ ਅਨੁਸਾਰ ਉਹ ਤੁਹਾਨੂੰ ਉਤਸ਼ਾਹਿਤ ਕਰੇਗਾ, ਅਗਵਾਈ ਕਰੇਗਾ,

ਮਾਰਗਦਰਸ਼ਣ ਦੇਵੇਗਾ ਜਾਂ ਝਿੜਕੇਗਾ। ਤੁਹਾਡੀ ਮੁਲਾਕਾਤ ਪਰਮੇਸ਼ਰ ਦੇ ਨਾਲ ਹੋਵੇਗਾ ਅਤੇ ਤੁਸੀਂ ਉਸ ਨੂੰ ਸੁਣੋਗੇ। ਤੁਸੀਂ ਆਪਣੇ ਦਿਨ ਭਰ ਉਸ ਦੀ ਆਗਿਆਕਾਰੀ ਕਰੋਗੇ ਅਤੇ ਜੋ ਸਿੱਖਿਆ ਹੈ ਉਸ ਨੂੰ ਲਾਗੂ ਕਰੋਗੇ। ਜ਼ਬੂਰ 119:147-148; 97-99

ਧਿਆਨ ਕਰਨ ਦੀ ਸ਼ਕਤੀ, ਚੰਗੇ ਜਾਂ ਮਾੜੇ ਲਈ। ਫ਼ਿਲਿੱਪੀਆਂ 4:8

1. ਇਹ ਤੁਹਾਡੀ ਵਿਚਾਰ ਸ਼ਕਤੀ ਨੂੰ ਨਵਾਂ ਰੂਪ ਦਿੰਦਾ ਹੈ।
2. ਤੁਹਾਡੀ ਇੱਛਾ ਨੂੰ ਪਰਮੇਸ਼ਰ ਦੀ ਇੱਛਾ ਦੇ ਨਾਲ ਇੱਕਸਾਰਤਾ ਵਿੱਚ ਲਿਆਉਂਦਾ ਹੈ।
3. ਤੁਹਾਡੇ ਜਜ਼ਬਾਤਾਂ ਨੂੰ ਮੁੜ ਕੇਂਦਰਿਤ ਕਰਦਾ ਹੈ।

ਰੋਜਾਨਾ ਸਵੇਰੇ ਆਪਣੇ ਦਿਨ ਦਾ ਅਰੰਭ ਕਰਨ ਤੋਂ ਪਹਿਲਾਂ ਯਿਸੂ ਨੂੰ ਇੱਕ ਖਾਸ ਸਮਾਂ ਦਓ। ਜ਼ਬੂਰ 119:147 ਕਹਾਉਤਾਂ 8:32-36

A. ਆਪਣੇ ਆਪ ਨੂੰ ਖਾਲੀ ਕਰੋ
   1. ਹਰੇਕ ਵਿਚਾਰ ਨੂੰ ਅਧੀਨਤਾ ਵਿੱਚ ਲਿਆਓ
   2. ਕਿਸੇ ਵੀ ਬੰਦ ਬਾਰੇ ਤੁਹਾਡੀ ਪੁਰਾਣੀ ਸਮਝ ਨੂੰ ਨਵੇਂ ਪਰਕਾਸ਼ ਦੇ ਰਾਹ ਵਿੱਚ ਰੋੜਾ ਨਾ ਬਣਨ ਦਓ।
   3. ਇਸ ਦਾ ਉਹ ਅਰਥ ਨਾ ਕੱਢੋ ਜੋ ਤੁਸੀਂ ਸੁਣਨਾ ਚਾਹੁੰਦੇ ਹੋ।

B. ਜੇਕਰ ਕੋਈ ਪਾਪ ਹੈ ਤਾਂ ਉਸ ਦਾ ਇਕਰਾਰ ਕਰਕੇ ਉਸ ਨੂੰ ਛੱਡ ਦਓ: ਜ਼ਬੂਰ 139:23-24 "ਹੇ ਪਰਮੇਸ਼ਰ, ਮੈਨੂੰ ਪਰਖ"

C. ਸਭਨਾਂ ਦੇ ਨਾਲ ਮੇਲ ਰੱਖੋ ਮੱਤੀ 5:23-24

D. ਪਵਿੱਤਰ ਆਤਮਾ ਦੇ ਨਾਲ ਭਰੇ ਰਹੋ ਅਫ਼ਸੀਆਂ 5:18
   ਉਹ ਲੇਖਕ ਹੈ - ਮੁੱਖ ਅਧਿਆਪਕ ਯੂਹੰਨਾ 14:26

E. ਇਸ ਵਿਸ਼ਵਾਸ ਨਾਲ ਆਓ ਕਿ ਉਹ ਤੁਹਾਡੇ ਨਾਲ ਗੱਲ ਕਰੇਗਾ। "ਸਾਡਾ ਪਿਤਾ..."
   ਇਬਰਾਨੀਆਂ 12:25 ਯਸਾਯਾਹ 50:4; 51:1, 4, 7; 55:2-3;
   ਹਬੱਕੂਕ 2:1 ਇਬਰਾਨੀਆਂ 11:6 ਰੋਮੀਆਂ 10:17

F. ਆਗਿਆਕਾਰੀ ਦੀ ਵਚਨਬੱਧਤਾ ਕਰੋ – ਪ੍ਰਭੁਤਾ ਲੂਕਾ 6:46; ਮੱਤੀ 7:21
   ਕਹੋ: "ਪ੍ਰਭੂ, ਆਪਣੇ ਸੇਵਕ ਨਾਲ ਗੱਲ ਕਰ, ਭਾਵੇਂ ਕੁਝ ਵੀ ਹੋ ਜਾਵੇ, ਮੈਂ ਆਗਿਆਕਾਰੀ ਜ਼ਰੂਰ ਕਰਾਂਗਾ।"

G. ਬੰਦ ਦੀ ਚੋਣ ਕਰੋ

1. ਜ਼ੋਰਦਾਰ ਸੁਝਾਓ ਇਹ ਦਿੱਤਾ ਜਾਂਦਾ ਹੈ ਕਿ ਇੱਕ ਪੁਸਤਕ ਲਓ ਅਤੇ ਅਰੰਭ ਤੋਂ ਲੈ ਕੇ ਅੰਤ ਤੱਕ ਉਸ ਉੱਤੇ ਧਿਆਨ ਕਰੋ।
2. ਦਿਨ ਪ੍ਰਤੀਦਿਨ ਤਰਤੀਬ ਸਿਰ ਅੱਗੇ ਵਧੋ। ਇਹ ਬਹੁਤ ਮਹੱਤਵਪੂਰਨ ਹੈ।
3. ਪਵਿੱਤਰ ਆਤਮਾ ਤੋਂ ਪੁੱਛੋ ਕਿ ਕਿੱਥੋਂ ਅਰੰਭ ਕਰਨਾ ਹੈ। ਜੇਕਰ ਉਹ ਕਿਸੇ ਵਿਸ਼ੇਸ਼ ਪਾਠ ਜਾਂ ਵਿਸਤਾਰ ਲਈ ਕਿਸੇ ਹੋਰ ਬੰਦ ਵਿੱਚ ਜਾਣ ਲਈ ਆਖਦਾ ਹੈ, ਤਾਂ ਉੱਥੇ ਜਾਓ ਅਤੇ ਫਿਰ ਆਪਣੇ ਬੰਦ ਉੱਤੇ ਵਾਪਸ ਆਓ।

H. ਬਾਈਬਲ ਅਧਿਐਨ ਦੇ ਸੰਸਾਧਨ

1. ਅਧਿਆਤਮਕ ਪੁਸਤਕਾਂ ਚੰਗੀਆਂ ਹਨ ਪਰ ਇਨ੍ਹਾਂ ਦੀ ਵਰਤੋਂ ਸਵੇਰ ਦੇ ਧਿਆਨ ਲਈ ਨਹੀਂ ਕੀਤੀ ਜਾਣੀ ਚਾਹੀਦੀ। ਉਸ ਦੀ ਅਵਾਜ਼ ਸੁਣਨਾ ਸਿੱਖੋ, ਉਸ ਦੇ ਲਈ ਜੋ ਵਿਸ਼ੇਸ਼ ਤੌਰ 'ਤੇ ਅਤੇ ਅਸਲ ਵਿੱਚ ਤੁਹਾਡਾ ਆਪਣਾ ਹੈ।
2. ਇਸੇ ਕਾਰਨ ਕਰਕੇ ਕਮੈਂਟ੍ਰੀਆਂ ਤੋਂ ਬਚੋ। ਪਰਮੇਸ਼ਰ ਤੋਂ ਆਪਣੀ ਆਪ ਦੀ ਕਮੈਂਟ੍ਰੀ ਮੰਗੋ। ਇਹ ਵਿਦਵਾਨਾਂ ਵਰਗੀ ਸ਼ਾਇਦ ਨਾ ਹੋਵੇ ਪਰ ਇਹ ਤੁਹਾਡੀ ਆਪਣੀ ਹੋਵੇਗੀ।

I. ਬਾਈਬਲ ਦੇ ਉਸ ਅਨੁਵਾਦ ਦੀ ਵਰਤੋਂ ਕਰੋ ਜਿਹੜਾ ਤੁਹਾਨੂੰ ਸੌਖਾ ਲੱਗਦਾ ਹੈ।

## XIII. ਕਿਰਦਾਰ ਅਧਿਐਨ ਕਿਵੇਂ ਕਰੀਏ

ਬਾਈਬਲ ਵਿੱਚ ਪੁਰਸ਼ਾਂ ਅਤੇ ਇਸਤਰੀਆਂ ਦੇ ਜੀਵਨਾਂ ਦੀਆਂ ਅਸਲ ਘਟਨਾਵਾਂ ਦਰਜ ਹਨ, ਤਾਂ ਜੋ ਅਸੀਂ ਉਨ੍ਹਾਂ ਤੋਂ ਸਿੱਖ ਸਕੀਏ, ਇਹ ਸਿਆਣ ਸਕੀਏ ਕਿ ਉਨ੍ਹਾਂ ਦੀਆਂ ਵਿਫਲਤਾਵਾਂ ਉਨ੍ਹਾਂ ਦਾ ਅੰਤ ਨਹੀਂ ਸਨ, ਅਤੇ ਇਹ ਕਿ ਬਲਵੰਤਾਂ ਵਿੱਚ ਵੀ ਕਮਜ਼ੋਰੀਆਂ ਹੁੰਦੀਆਂ ਹਨ।

A. ਵਿਧੀ

1. ਨਿਰਧਾਰਿਤ ਕਰੋ ਕਿ ਤੁਸੀਂ ਕਿਸ ਵਿਅਕਤੀ ਦੇ ਜੀਵਨ ਦਾ ਅਧਿਐਨ ਕਰੋਗੇ।

2. ਸੰਬੰਧਤ ਆਇਤਾਂ ਜਾਂ ਬੰਦਾਂ ਦੀ ਸੂਚੀ ਬਣਾਓ। ਜੇਕਰ ਉਪਲਬਧ ਹੈ ਤਾਂ ਕੋਨਕੋਰਡੰਸ ਦੀ ਵਰਤੋਂ ਕਰੋ।

3. ਬੰਦਾਂ ਨੂੰ ਪੜ੍ਹੋ ਅਤੇ ਮਹੱਵਪੂਰਨ ਗੱਲਾਂ ਦੇ ਨੋਟਸ ਤਿਆਰ ਕਰੋ।

4. ਹੇਠ ਲਿਖਿਆਂ ਦੀ ਭਾਲ ਕਰੋ:
   a) ਨਾਮ ਦਾ ਅਰਥ (ਮੂਸਾ – ਪਾਣੀ ਵਿੱਚੋਂ ਕੱਢਣਾ)
   b) ਪਰਿਵਾਰਕ ਇਤਹਾਸ

c) ਸਿਖਲਾਈ ਅਤੇ ਜੀਵਨ ਪਰਿਵਰਤਨ

d) ਉਸ ਦਾ ਜੀਵਨਕਾਲ ਕਿਸ ਸਮੇਂ ਵਿੱਚ ਹੋਇਆ ਅਤੇ ਉਸ ਦੇ ਜੀਵਨ ਦੇ ਵੱਖ-ਵੱਖ ਪੜਾਓ

e) ਵਿਫਲਤਾਵਾਂ ਅਤੇ ਉਪਲਬਧੀਆਂ

f) ਆਤਮਕ ਜੀਵਨ ਫ਼ਿਲਿੱਪੀਆਂ 3:17; 4:9

g) ਆਤਮਕ ਸਿਧਾਂਤਾਂ ਨੂੰ ਦਰਸਾਉਣ ਵਾਲੀਆਂ ਆਇਤਾਂ

h) ਦੂਜਿਆਂ ਉੱਤੇ ਉਸ ਦੇ ਜੀਵਨ ਦਾ ਪ੍ਰਭਾਵ ਫ਼ਿਲਿੱਪੀਆਂ 3:7+

i) ਉਸ ਦੀ ਮੌਤ 2 ਤਿਮੋਥਿਉਸ 4:7-8

B. ਇਸਤੀਫ਼ਾਨ ਦਾ ਉਦਾਹਰਨ (ਇਸ ਦਾ ਅਭਿਆਸ ਕਰੋ)

1. ਆਇਤਾਂ ਜਾਂ ਬੰਦਾਂ ਦੀ ਸੂਚੀ: ਰਸੂਲਾਂ 6:3 - 8:2; 11:19; 22:20
2. ਉਸ ਦੇ ਨਾਮ ਦਾ ਅਰਥ: ਮੁਕਟ, ਤਾਜ, ਜਾਂ ਜੇਤੂ ਦਾ ਸਿਹਰਾ
3. ਨਿਜੀ ਪ੍ਰਾਸੰਗਿਕਤਾ: ਕੀ ਮੈਂ ਆਪਣੇ ਆਪ ਨੂੰ ਵੇਖਿਆ? ਕਮਜ਼ੋਰੀਆਂ? ਬਲ?

## XIV. ਵਿਸ਼ਾ ਅਧਿਐਨ ਕਿਵੇਂ ਕਰੀਏ

A. ਉਦੇਸ਼

ਇਹ ਨਿਰਧਾਰਿਤ ਕਰਨਾ ਕਿ ਪਰਮੇਸ਼ਰ ਦਾ ਵਚਨ ਕਿਸੇ ਖਾਸ ਵਿਸ਼ੇ ਬਾਰੇ ਕੀ ਆਖਦਾ ਹੈ। ਇਹ ਉਸ ਵਿਸ਼ੇ ਬਾਰੇ ਸੰਪੂਰਨ ਤਸਵੀਰ ਨੂੰ ਪੇਸ਼ ਕਰਦਾ ਹੈ।

B. ਵਿਧੀ

1. ਜਿਸ ਵਿਸ਼ੇ ਦਾ ਤੁਸੀਂ ਅਧਿਐਨ ਕਰ ਰਹੇ ਹੋ ਉਸ ਨਾਲ ਮੇਲ ਖਾਂਦੇ ਅਤੇ ਸੰਬੰਧਤ ਸਭਨਾਂ ਬੰਦਾਂ ਦਾ ਭਾਲ ਕਰੋ। ਹਰੇਕ ਆਇਤ ਨੂੰ ਉਸ ਦੇ ਸੰਦਰਭ ਵਿੱਚ ਸਮਝਿਆ ਅਤੇ ਵਿਸ਼ਲੇਸ਼ਣ ਕੀਤਾ ਜਾਣਾ ਚਾਹੀਦਾ ਹੈ।

a) ਕੋਨਕੋਰਡੰਸ, ਟੋਪਿਕਲ ਬਾਈਬਲ ਦੀ ਵਰਤੋਂ ਕਰੋ।

b) ਸਭਨਾਂ ਸੰਬੰਧਤ ਸ਼ਬਦਾਂ ਦੀ ਭਾਲ ਕਰੋ, ਜਿਵੇਂ ਕਿ ਪ੍ਰਾਰਥਨਾ, ਬੇਨਤੀ।

c) ਉਨ੍ਹਾਂ ਬੰਦਾਂ ਦੀ ਭਾਲ ਕਰੋ ਜਿੱਥੇ ਉਸ ਵਿਸ਼ੇ ਦਾ ਜ਼ਿਕਰ ਬਾਈਬਲ ਵਿੱਚ ਸਭ ਤੋਂ ਪਹਿਲਾਂ ਹੋਇਆ ਹੈ। ਉਸ ਦਾ ਚੰਗੀ ਤਰ੍ਹਾਂ ਅਧਿਐਨ ਕਰੋ।

d) ਭਿੰਨਤਾ ਵਾਲੇ ਬੰਦਾਂ ਦੀ ਭਾਲ ਕਰੋ।

2. ਆਪਣੇ ਵੇਰਵੇ ਨੂੰ ਇਕੱਤਰ ਕਰੋ

a) ਹਰੇਕ ਬੰਦ ਦਾ ਚੰਗੀ ਤਰ੍ਹਾਂ ਅਧਿਐਨ ਕਰੋ, ਲੇਖਕ ਜੋ ਅਰਥ ਕੱਢਣਾ ਚਾਹੁੰਦਾ ਸੀ ਉਸ ਦੀ ਜਾਂਚ ਕਰੋ।

b) ਸੰਦਰਭ ਦੀ ਚੰਗੀ ਤਰ੍ਹਾਂ ਜਾਂਚ ਕਰੋ।

c) ਨਿਰਧਾਰਿਤ ਕਰੋ ਕਿ ਬੰਦ ਵਿੱਚ ਕਿਹੜੀ ਮੁੱਖ ਸੱਚਾਈ ਸਿਖਾਈ ਗਈ ਹੈ।

d) ਆਪਣੇ ਨਿਰੀਖਣ ਅਤੇ ਨਵੇਂ ਵਿਚਾਰਾਂ ਨੂੰ ਲਿਖੋ।

e) ਸਪਸ਼ਟ ਅਤੇ ਅਸਪਸ਼ਟ ਬੰਦਾਂ ਉੱਤੇ ਗੌਰ ਕਰੋ। ਜੋ ਅਸਪਸ਼ਟ ਹੈ ਉਸ ਉੱਤੇ ਕੋਈ ਡਾਕਟ੍ਰਿਨ ਨਾ ਬਣਾਓ।

f) ਗੌਰ ਕਰੋ ਕਿ ਕਿਸੇ ਸਿੱਖਿਆ ਨੂੰ ਕਿੰਨੀ ਵਾਰੀ ਦੁਹਰਾਇਆ ਗਿਆ ਹੈ ਅਤੇ ਉਸ ਉੱਤੇ ਵਧੇਰੇ ਧਿਆਨ ਦਓ।

g) ਕਦੇ ਵੀ ਭਾਵ, ਪਰੰਪਰਾ ਜਾਂ ਬਾਈਬਲ ਤੋਂ ਬਾਹਰ ਦੇ ਕਿਸੇ ਸੰਸਾਧਨ ਉੱਤੇ ਕੋਈ ਸਿੱਖਿਆ ਨਾ ਤਿਆਰ ਕਰੋ।

3. ਸਾਰੀ ਸਮੱਗਰੀ ਦੀ ਰੂਪਰੇਖਾ ਤਿਆਰ ਕਰੋ।

a) ਨਿਸ਼ਚਿਤ ਕਰੋ ਕਿ ਤੁਸੀਂ ਵਿਸ਼ੇ ਉੱਤੇ ਸਪਸ਼ਟ ਅਤੇ ਸੰਪੂਰਨ ਅਧਿਐਨ ਕਰ ਲਿਆ ਹੈ।

b) ਨਿਸ਼ਚਿਤ ਕਰੋ ਕਿ ਤੁਸੀਂ ਉਸੇ ਗੱਲ ਉੱਤੇ ਜ਼ੋਰ ਦਓ ਜਿਸ ਉੱਤੇ ਪਰਮੇਸ਼ਰ ਜ਼ੋਰ ਦਿੰਦਾ ਹੈ।

4. ਲਾਗੂ ਕਰੋ: ਗੌਰ ਕਰੋ ਕਿ ਜੋ ਕੁਝ ਤੁਸੀਂ ਸਿੱਖਿਆ ਹੈ ਉਸ ਦਾ ਤੁਹਾਡੇ ਜੀਵਨ ਉੱਤੇ ਕੀ ਪ੍ਰਭਾਵ ਪੈਂਦਾ ਹੈ।

## XV. ਦ੍ਰਿਸ਼ਟਾਂਤ - ਇੱਕ ਕਹਾਣੀ ਜਿਹੜੀ ਕਿਸੇ ਨੈਤਿਕ ਪਾਠ ਜਾਂ ਕਿਸੇ ਸੱਚਾਈ ਦੀ ਸਿੱਖਿਆ ਦਿੰਦੀ ਹੈ।

ਇਹ ਹਮੇਸ਼ਾ ਅਸਲ ਤਾਂ ਨਹੀਂ ਹੁੰਦੀ ਪਰ ਇਸ ਦੀਆਂ ਸੱਚਾਈਆਂ ਜੀਵਨ ਵਿੱਚ ਲਾਗੂ ਜ਼ਰੂਰ ਹੁੰਦੀਆਂ ਹਨ। ਇਹ ਇਸ ਤਰ੍ਹਾਂ ਬਣੀ ਹੁੰਦੀ ਹੈ ਕਿ ਇਸ ਵਿੱਚ ਇੱਕ ਕੇਂਦਰੀ ਬਿੰਦੂ ਹੋਵੇ। ਹਰੇਕ ਬਿੰਦੂ ਦਾ ਆਤਮਕ ਅਰਥ ਅਤੇ ਪ੍ਰਾਸੰਗਕਿਤਾ ਕੱਢਣਾ ਸਹੀ ਨਹੀਂ ਹੁੰਦਾ।

A. ਦੋ ਉਦੇਸ਼:

1. ਕਿਸੇ ਸੱਚਾਈ ਨੂੰ ਪਰਗਟ ਕਰਨਾ, ਸਪਸ਼ਟ ਕਰਨਾ ਜਾਂ ਉਸ ਉੱਤੇ ਕਿਸੇ ਯਾਦਗਾਰ ਜਾਂ ਪੁਰਜ਼ੋਰ ਤਰੀਕੇ ਨਾਲ ਜ਼ੋਰ ਦੇਣਾ।
2. ਉਨ੍ਹਾਂ ਕੋਲੋਂ ਸੱਚਾਈ ਨੂੰ ਲੁਕਾਉਣਾ ਜਿਨ੍ਹਾਂ ਨੇ ਇਸ ਨੂੰ ਰੱਦਿਆ ਸੀ। ਮੱਤੀ 13:10-17

B. ਕਿਸੇ ਦ੍ਰਿਸ਼ਟਾਂਤ ਦੀ ਸਹੀ ਰੀਤੀ ਨਾਲ ਵਿਆਖਿਆ ਕਰਨ ਲਈ ਜ਼ਰੂਰੀ ਹੈ ਕਿ ਤੁਸੀਂ:

1. ਇਹ ਪਤਾ ਕਰੋ ਕਿ ਇਹ ਕਿਉਂ ਬੋਲਿਆ ਗਿਆ ਸੀ ਅਤੇ ਇਸ ਨੂੰ ਕਿਸ ਗੱਲ ਨੇ ਉਕਸਾਇਆ ਸੀ।

2. ਉਸ ਅਰਥ ਦੀ ਭਾਲ ਕਰੋ ਜਿਸ ਦੇ ਲਈ ਦ੍ਰਿਸ਼ਟਾਂਤ ਬੋਲਿਆ ਗਿਆ ਸੀ।
   a) ਕਦੇ-ਕਦੇ ਇਹ ਦੱਸਿਆ ਗਿਆ ਹੁੰਦਾ ਹੈ।
   c) ਜੇਕਰ ਦੱਸਿਆ ਨਹੀਂ ਗਿਆ ਹੈ, ਤਾਂ ਇਸ ਦੀ ਪ੍ਰਾਸੰਗਿਕਤਾ ਤੋਂ ਇਸ ਦੀ ਪਛਾਣ ਹੋ ਜਾਵੇਗੀ।
   d) ਜੋ ਅਰਥ ਸਪਸ਼ਟ ਤੌਰ ’ਤੇ ਦੱਸਿਆ ਗਿਆ ਹੈ ਜਾਂ ਲੇਖਕ ਦੁਆਰਾ ਸਰੋਤਿਆਂ ਲਈ ਸੋਚਿਆ ਗਿਆ ਸੀ, ਉਸ ਤੋਂ ਵਧੇਰੇ ਕੁਝ ਵੀ ਸਥਾਪਿਤ ਨਾ ਕੀਤਾ ਜਾਵੇ।
   e) ਇੱਕ ਕੇਂਦਰੀ ਵਿਸ਼ੇ ਜਾਂ ਜ਼ੋਰ ਨੂੰ ਪਛਾਣੋ।

3. ਸੰਬੰਧਤ ਵੇਰਵਿਆਂ ਦੀ ਪਛਾਣ ਕਰੋ। ਇਹ ਹਮੇਸ਼ਾ ਕੇਂਦਰੀ ਵਿਸ਼ੇ ਉੱਤੇ ਜ਼ੋਰ ਦਿੰਦੇ ਹਨ।
   ਜਿਵੇਂ ਕਿ ਯਿਸੂ ਮਰਕੁਸ 4:13
4. ਵਾਧੂ ਵੇਰਵਿਆਂ ਦੀ ਪਛਾਣ ਕਰੋ। ਦ੍ਰਿਸ਼ਟਾਂਤ ਵਿਚਲੇ ਸਾਰੇ ਵੇਰਵੇ ਮਹੱਤਵਪੂਰਨ ਨਹੀਂ ਹੁੰਦੇ ਅਤੇ ਇਨ੍ਹਾਂ ਦਾ ਉਹ ਅਰਥ ਕੱਢਣਾ ਗਲਤ ਹੈ ਜਿਹੜਾ ਕੇਂਦਰੀ ਵਿਸ਼ੇ ਦੇ ਨਾਲ ਸੰਬੰਧਤ ਨਹੀਂ ਹੈ। ਜਿਵੇਂ ਕਿ, ਉਜਾੜੂ ਪੁੱਤਰ ਦੀ ਅਕਸਰ ਗਲਤ ਵਰਤੋਂ ਕੀਤੀ ਜਾਂਦੀ ਹੈ। ਇਸ ਦਾ ਮਕਸਦ ਫਰੀਸੀਆਂ ਨੂੰ ਇਹ ਤੁਲਨਾ ਦਰਸਾਉਣਾ ਸੀ ਕਿ ਇਕ ਪਾਸੇ ਪਿਤਾ ਦਾ ਹਿਰਦਾ ਪਾਪੀਆਂ ਨੂੰ ਮਾਫ ਕਰਦਾ ਹੈ ਅਤੇ ਦੂਜੇ ਪਾਸੇ ਇਹ ਲੋਕ ਵੱਡੇ ਭਰਾ ਵਾਂਗ ਬੁੜਬੁੜਾਉਂਦੇ ਹਨ। ਲੂਕਾ 15:2

ਜਿਨ੍ਹਾਂ ਦ੍ਰਿਸ਼ਟਾਂਤਾਂ ਦਾ ਵਿਸ਼ਾ ਸੱਭਿਆਚਾਰਕ ਹੈ ਉਨ੍ਹਾਂ ਦੀ ਵਿਆਖਿਆ ਬਾਈਬਲ ਦੇ ਸੱਭਿਆਚਾਰ ਦੇ ਅਧਾਰ ’ਤੇ ਕੀਤੀ ਜਾਣੀ ਚਾਹੀਦੀ ਹੈ, ਸਾਡੇ ਸੱਭਿਆਚਾਰ ਦੇ ਅਧਾਰ ’ਤੇ ਨਹੀਂ। ਜਿਵੇਂ ਕਿ, ਬੁੱਧੀਮਾਨ ਅਤੇ ਮੂਰਖ ਕੁਆਰੀਆਂ। ਮੱਤੀ 2:13

ਡਾਕਟ੍ਰਿਨ ਨਿਰਧਾਰਿਤ ਕਰਨ ਲਈ ਦ੍ਰਿਸ਼ਟਾਂਤਾਂ ਨੂੰ ਮੁੱਖ ਅਧਾਰ ਨਹੀਂ ਬਣਾਇਆ ਜਾਣਾ ਚਾਹੀਦਾ।

## XVI. ਮਿਸਾਲ

ਅਜਿਹੀ ਕਹਾਣੀ ਜਿਸ ਦਾ ਲੁਕਿਆ ਹੋਇਆ ਅਰਥ ਕਹਾਣੀ ਵਿੱਚ ਦੱਸੇ ਗਏ ਅਰਥ ਨਾਲੋਂ ਵੱਖਰਾ ਹੁੰਦਾ ਹੈ। ਜਿਵੇਂ ਕਿ, ਯੂਹੰਨਾ 10 ਅਤੇ 15

A. ਇਸ ਵਿੱਚ ਇੱਕ ਨਾਲੋਂ ਵਧੇਰੇ ਕੇਂਦਰੀ ਬਿੰਦੂ ਉੱਤੇ ਜ਼ੋਰ ਦਿੱਤਾ ਜਾ ਸਕਦਾ ਹੈ।
B. ਇੱਕ ਨਾਲੋਂ ਵਧੇਰੇ ਸੱਚਾਈਆਂ ਸਿਖਾ ਸਕਦੀ ਹੈ।
C. ਕਿਸੇ ਮਿਸਾਲ ਦੇ ਵੇਰਵੇ ਕਈ ਅਤੇ ਵੱਖਰੇ-ਵੱਖਰੇ ਹੋ ਸਕਦੇ ਹਨ ਅਤੇ ਇੱਕ ਨਾਲੋਂ ਵਧੇਰੇ ਵਿਸ਼ੇ ਨਾਲ ਸੰਬੰਧਤ ਹੋ ਸਕਦੇ ਹਨ।
D. ਵਾਧੂ ਵੇਰਵੇ ਹੋ ਸਕਦੇ ਹਨ; ਜ਼ਰੂਰੀ ਨਹੀਂ ਕਿ ਇੱਕ ਮਿਸਾਲ ਦੇ ਸਾਰੇ ਗੁਣ ਇਸ ਵਿੱਚ ਵੇਖੇ ਜਾਣ। ਕਹਾਣੀ ਅਤੇ ਅਰਥ ਆਪਸ ਵਿੱਚ ਰਲੇ-ਮਿਲੇ ਰਹਿੰਦੇ ਹਨ।
E. ਪ੍ਰਾਸੰਗਿਕਤਾ ਮਿਸਾਲ ਦੇ ਵਿੱਚ ਹੀ ਹੁੰਦੀ ਹੈ।

**ਸਿੱਖਣ ਲਈ ਇੱਕ ਅਭਿਆਸ:** ਪੜ੍ਹੋ – ਕੁਲੁੱਸੀਆਂ ਅਧਿਆਏ 3

ਵਿਦਿਆਰਥੀਆਂ ਨੂੰ ਇਸ ਅਧਿਆਏ ਦੀ ਹਰੇਕ ਆਇਤ ਲੈ ਕੇ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਹੋ:

1. ਮੈਂ ਪਰਮੇਸ਼ਰ ਬਾਰੇ ਕੀ ਸਿੱਖਦਾ ਹਾਂ? (ਗੁਣ)
2. ਮੈਂ ਆਪਣੇ ਬਾਰੇ ਕੀ ਸਿੱਖਦਾ ਹਾਂ? (ਡਾਕਟ੍ਰਿਨ, ਸਿੱਖਿਆਵਾਂ)
3. ਕੀ ਕੋਈ ਪ੍ਰਤਿੱਗਿਆ ਹੈ? (ਪ੍ਰਤਿੱਗਿਆਵਾਂ)
4. ਕੀ ਕੋਈ ਹੁਕਮ ਹੈ? (ਹੁਕਮ)
5. ਕੀ ਕੋਈ ਚਿਤਾਉਣੀ ਹੈ? (ਚਿਤਾਉਣੀਆਂ)

ਕਲਾਸ ਵਿੱਚ ਕੇਵਲ ਇਹੋ 5 ਕਰੋ।

ਘੱਟੋ-ਘੱਟ 4 ਆਇਤਾਂ ਉੱਤੇ ਸਿੱਖਿਅਕ ਦੇ ਨਾਲ ਕੰਮ ਕਰੋ, ਪ੍ਰਸ਼ਨ ਪੁੱਛੋ, ਤਾਂ ਜੋ ਉਹ ਸਮਝ ਜਾਣ ਕਿ ਇਸ ਨੂੰ ਕਿਵੇਂ ਕਰਨਾ ਹੈ। ਫਿਰ ਉਨ੍ਹਾਂ ਨੂੰ ਆਪਣੇ ਆਪ ਅਧਿਆਏ ਨੂੰ ਖਤਮ ਕਰ ਲੈਣ ਦਓ। (ਉਹ ਆਪ ਕਰਕੇ ਹੀ ਸਿੱਖਣਗੇ।)

45 ਮਿੰਟ ਤੋਂ 1 ਘੰਟੇ ਦਾ ਸਮਾਂ ਦਓ। ਫਿਰ ਕਲਾਸ ਵਿੱਚ ਉਨ੍ਹਾਂ ਨੇ ਸਿੱਖਿਅਕ ਦੁਆਰਾ ਪ੍ਰਸ਼ਨ ਪੁੱਛੇ ਜਾ ਕੇ ਜੋ ਸਿੱਖਿਆ ਹੈ ਉਸ ਨੂੰ ਦੇਣ ਅਤੇ ਬਾਕੀ ਦੀਆਂ ਬਚੀਆਂ ਆਇਤਾਂ ਲਈ ਉਹ ਆਪਣੇ ਜਵਾਬ ਦੇਣ।

ਉਹ ਇਸ ਅਭਿਆਸ ਦਾ **ਸੱਚਮੁੱਚ** ਅਨੰਦ ਲੈਣਗੇ! ਹੋ ਸਕਦਾ ਹੈ ਕਿ ਉਨ੍ਹਾਂ ਦੇ ਕੋਲ ਇਹ ਸਭ ਕਾਗਜ਼ ’ਤੇ ਪੂਰਾ ਕਰਨ ਦਾ ਸਮਾਂ ਨਾ ਹੋਵੇ, ਪਰ ਕਲਾਸ ਵਿੱਚ ਉਹ ਤੁਹਾਡੇ ਨਾਲ ਇਸ ਨੂੰ ਪੂਰਾ ਕਰ ਸਕਦੇ ਹਨ।

ਜ਼ੋਰ ਦਓ ਕਿ ਉਹ ਆਪ ਵੀ ਇਹ ਪ੍ਰਸ਼ਨ ਪੁੱਛਣ ਦੁਆਰਾ ਇੱਕ ਘਰੇਲੂ ਅਧਿਐਨ ਸਮੂਹ ਚਲਾ ਸਕਦੇ ਹਨ, ਆਪਣਾ ਨਿੱਜੀ ਅਧਿਐਨ ਕਰ ਸਕਦੇ ਹਨ, ਜਾਂ ਫਿਰ ਇੱਕ ਕਲਾਸ ਵਿੱਚ ਅਧਿਐਨ ਚਲਾ ਸਕਦੇ ਹਨ। ਇਹ ਬੜਾ ਅਦਭੁਤ ਹੈ ਕਿ ਕੇਵਲ ਇਹ 5 ਪ੍ਰਸ਼ਨ ਪੁੱਛਣ ਦੁਆਰਾ ਹੀ ਉਹ ਕਿੰਨਾ ਕੁਝ ਸਿੱਖ ਸਕਦੇ ਹਨ।

ਇਸ ਅਭਿਆਸ ਨੂੰ ਪੂਰਾ ਕਰਨ ਤੋਂ ਬਾਅਦ ਬਾਕੀ ਦੇ ਨੋਟਸ ਦਾ ਅਧਿਐਨ ਜਾਰੀ ਰੱਖੋ।

## XVII. ਪੁਸਤਕ ਸੰਦਰਭ ਸੂਚੀ

ਪੋਰਟਰ ਬੈਰਿੰਗਟਨ ਦੁਆਰਾ ਮਾਸਟਰ ਆਉਟਲਾਈਨਸ ਜਿਵੇਂ ਕਿ ਇਹ ਦਿ ਕ੍ਰਿਸਚਨ ਲਾਈਫ ਨਿਉ ਟੈਸਟਾਮੈਂਟ, ਥੋਮਸ ਨੈਲਸਨ ਪਬਲਿਸ਼ਰਸ, ਨੈਸ਼ਵਿਲ, ਟੇਨੇਸੀ 37202 ਵਿੱਚ ਮਿਲਦਾ ਹੈ।

ਹਾਓ ਟੁ ਸਟਡੀ ਯੋਰ ਬਾਈਬਲ ਪ੍ਰੀਸੈਪਟ ਅਪੋਨ ਪ੍ਰੀਸੈਪਟ ਵਿੱਚੋਂ ਲਿਆ ਗਿਆ